ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਮਾਨਸਾ
OFFICE OF THE
DISTRICT ELECTION OFFICER, MANSA
(Room No. 43-45, 2nd Floor, Mini Secretariat, Mansa(Pb))
Phone/Fax No. 01652-227687, 1950 E-mail :-etman@punjab.gov.in
("Electoral Literacy for Stronger Democracy")

ਇਲੈਕਟੋਰਲ ਸਾਖਰਤਾ
ਮਜ਼ਬੂਤ ਲੋਕਤੰਤਰ

**ਬਹੁਤ ਮਹੱਤਵਪੂਰਨ/ਮਿਤੀ ਬੱਧ**

ਸੇਵਾ ਵਿਖੇ

ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:),
ਮਾਨਸਾ

ਪੱਤਰ ਨੰ: ਚੋਣ- 2021/ 1165
ਮਿਤੀ : 07.10.2021

ਵਿਸ਼ਾ:- ਵਿਧਾਨ ਸਭਾ ਚੋਣਾਂ-2022-DISE ਸਾਫਟਵੇਅਰ ਵਿੱਚ ਡਾਟਾ ਐਂਟਰੀ ਕਰਨ ਸਬੰਧੀ ਟ੍ਰੇਨਿੰਗ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ-2022 ਲਈ ਪੋਲਿੰਗ ਸਟਾਫ ਦੀ ਨਿਯੁਕਤੀ ਦਾ ਕੰਮ ਪ੍ਰਗਤੀ ਅਧੀਨ ਹੈ । ਇਸ ਲਈ ਆਪਦੇ ਅਧੀਨ ਕੰਮ ਕਰਦੇ ਸਮੂਹ ਸਟਾਫ/ਸਕੂਲਾਂ ਦੇ ਸਟਾਫ ਦੀ ਡਾਟਾ ਐਂਟਰੀ DISE ਸਾਫਟਵੇਅਰ ਵਿੱਚ ਕੀਤੀ ਜਾਣੀ ਹੈ। DISE ਸਾਫਟਵੇਅਰ ਵਿੱਚ ਡਾਟਾ ਐਂਟਰੀ ਕਰਨ ਲਈ ਟੈਕਨੀਕਲ ਕਰਮਚਾਰੀਆਂ ਨੂੰ ਮਿਤੀ 12.10.2021 ਨੂੰ ਸਵੇਰੇ 11.00 ਵਜੇ (ਪਹਿਲਾ ਬੈਚ) ਅਤੇ ਬਾਅਦ ਦੁਪਹਿਰ 2.00 ਵਜੇ (ਦੂਜਾ ਬੈਚ) ਬੱਚਤ ਭਵਨ, ਮਾਨਸਾ ਵਿਖੇ ਜ਼ਿਲ੍ਹਾ ਸੂਚਨਾ ਅਤੇ ਵਿਗਿਆਨ ਅਫਸਰ, ਮਾਨਸਾ ਵੱਲੋਂ ਟ੍ਰੇਨਿੰਗ ਦਿੱਤੀ ਜਾਵੇਗੀ । ਆਪਦੇ ਅਧੀਨ ਕੰਮ ਕਰਦੇ ਸਮੂਹ ਸੈਕੰਡਰੀ/ਹਾਈ ਸਕੂਲਾਂ ਦੇ 1-1 ਟੈਕਨੀਕਲ ਕਰਮਚਾਰੀ ਨੂੰ ਇਸ ਟ੍ਰੇਨਿੰਗ ਵਿੱਚ ਭਾਗ ਲੈਣ ਲਈ ਪਾਬੰਦ ਕਰ ਦਿੱਤਾ ਜਾਵੇ । ਇੱਥੇ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਅੱਧੇ ਸਕੂਲਾਂ ਦੇ ਕਰਮਚਾਰੀ ਪਹਿਲੇ ਬੈਚ ਵਿੱਚ ਅਤੇ ਅੱਧੇ ਸਕੂਲਾਂ ਦੇ ਕਰਮਚਾਰੀ ਦੂਜੇ ਬੈਚ ਵਿੱਚ ਟ੍ਰੇਨਿੰਗ ਲੈਣਗੇ। ਸਕੂਲਾਂ ਦੀ ਵੰਡ ਆਪਣੀ ਪੱਧਰ ਤੇ ਕਰ ਲਈ ਜਾਵੇ । ਆਪ ਵੀ ਇਸ ਟ੍ਰੇਨਿੰਗ ਵਿੱਚ ਸਮੇਂ ਸਿਰ ਭਾਗ ਲੈਣਾ ਯਕੀਨੀ ਬਣਾਓਗੇ ।

ਚੋਣ ਤਹਿਸੀਲਦਾਰ
ਵਾਸਤੇ ਜਿਲ੍ਹਾ ਚੋਣ ਅਫਸਰ
ਮਾਨਸਾ

ਪਿੱਠ ਅੰਕਣ ਨੰ: ਚੋਣ-2021/ 1166-70 ਮਿਤੀ 07.10.2021

ਇਸਦਾ ਇੱਕ ਉਤਾਰਾ:-

1. ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ), ਮਾਨਸਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਖੁਦ ਅਤੇ ਆਪਦੇ ਅਧੀਨ ਕੰਮ ਕਰਦੇ ਸਮੂਹ ਬਲਾਕ ਸਿੱਖਿਆ ਅਫਸਰ (ਪ੍ਰਾਇਮਰੀ), ਜ਼ਿਲ੍ਹਾ ਮਾਨਸਾ ਦੇ 1-1 ਟੈਕਨੀਕਲ ਕਰਮਚਾਰੀ ਨੂੰ ਮਿਤੀ 12.10.2021 ਨੂੰ ਬਾਅਦ ਦੁਪਹਿਰ 2.00 ਵਜੇ (ਦੂਜਾ ਬੈਚ) ਟ੍ਰੇਨਿੰਗ ਵਿੱਚ ਭਾਗ ਲੈਣ ਲਈ ਪਾਬੰਦ ਕਰ ਦਿੱਤਾ ਜਾਵੇ ।
2. ਜ਼ਿਲ੍ਹਾ ਸੂਚਨਾ ਅਤੇ ਵਿਗਿਆਨ ਅਫਸਰ, ਮਾਨਸਾ ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ।
3. ਪੀ.ਏ. ਟੂ ਡਿਪਟੀ ਕਮਿਸ਼ਨਰ ਮਾਨਸਾ ਅਤੇ ਸਟੈਨੋ ਟੂ ਵਧੀਕ ਡਿਪਟੀ ਕਮਿਸ਼ਨਰ (ਸ਼.ਵਿ.), ਮਾਨਸਾ ਪਾਸ ਸੂਚਨਾ ਹਿਤ ਭੇਜਿਆ ਜਾਂਦਾ ਹੈ ।
4. ਇੰਚਾਰਜ, ਬੱਚਤ ਭਵਨ, ਮਾਨਸਾ ਪਾਸ ਲੋੜੀਂਦੀ ਕਾਰਵਾਈ ਹਿੱਤ ।

ਚੋਣ ਤਹਿਸੀਲਦਾਰ
ਵਾਸਤੇ ਜਿਲ੍ਹਾ ਚੋਣ ਅਫਸਰ
ਮਾਨਸਾ

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ।

ਪਿੱਠ ਅੰਕਣ ਨੰ:ਜੀ-2/ਚੋਣਾਂ/ 2021342940 ਮਿਤੀ ਮਾਨਸਾ: 8/10/2021

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਸਮੂਹ ਸੈਕੰਡਰੀ ਸਕੂਲ ਮੁਖੀ ਮਿਤੀ 12.10.2021 ਨੂੰ **ਸਵੇਰੇ 11 ਵਜੇ** (ਪਹਿਲਾਂ **ਬੈਚ**) ਬੱਚਤ ਭਵਨ ਮਾਨਸਾ ਵਿਖੇ ਆਪਣੇ ਨਾਲ ਇੱਕ ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲਾ ਕਰਮਚਾਰੀ ਨਾਲ ਲੈਕੇ ਨਿਸ਼ਚਿਤ ਸਮੇਂ ਤੇ ਸਥਾਨ ਤੇ ਪਹੁੰਚ ਕੇ ਟ੍ਰੇਨਿੰਗ ਲੈਣੀ ਯਕੀਨੀ ਬਣਾਉਣਗੇ ਅਤੇ ਸਮੂਹ ਹਾਈ ਸਕੂਲ ਮੁਖੀ ਅਤੇ ਏਡਿਡ ਸਕੂਲ ਮੁਖੀ ਮਿਤੀ 12.10.2021 ਨੂੰ **ਦੁਪਹਿਰ 2 ਵਜੇ** (**ਦੂਸਰਾ ਬੈਚ**) ਬੱਚਤ ਭਵਨ ਮਾਨਸਾ ਵਿਖੇ ਆਪਣੇ ਨਾਲ ਇੱਕ ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲਾ ਕਰਮਚਾਰੀ ਨਾਲ ਲੈਕੇ ਨਿਸ਼ਚਿਤ ਸਮੇਂ ਤੇ ਸਥਾਨ ਤੇ ਪਹੁੰਚ ਕੇ ਟ੍ਰੇਨਿੰਗ ਲੈਣੀ ਯਕੀਨੀ ਬਣਾਉਣਗੇ। ਚੋਣਾਂ ਦਾ ਕੰਮ ਅਤਿ ਜਰੂਰੀ ਹੋਣ ਕਾਰਨ ਇਸ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਅਣਗਹਿਲੀ ਦੀ ਸੂਰਤ ਵਿੱਚ ਸਕੂਲ ਮੁਖੀ ਖੁਦ ਜੁੰਮੇਵਾਰ ਹੋਵੇਗਾ।

08/10/21

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)
ਮਾਨਸਾ।